# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

**ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।**

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ)**
**ਸਮੂਹ ਸਕੂਲ ਮੁਖੀ**
**ਸਮੂਹ ਬੀ.ਪੀ.ਈ.ਓਜ਼**
**ਸਮੂਹ ਸੀ.ਐੱਚ.ਟੀਜ਼**
**ਪੰਜਾਬ।**

ਮੀਮੋ ਨੰ: 50/2009/ਸਸਅ/ਪੈਡਾਗੋਜ਼ੀ-ਟੀ.ਟੀ/081397-081416
ਮਿਤੀ: ਚੰਡੀਗੜ੍ਹ 29.12.09

**ਵਿਸ਼ਾ : ਪੇਂਡੂ ਸਿੱਖਿਆ ਵਿਕਾਸ ਕਮੇਟੀਆਂ (ਪਸਵਕ) ਸਬੰਧੀ ਕੁੱਝ ਹਦਾਇਤਾਂ।**

1.0 ਕੁੱਝ ਅਦਾਰਿਆਂ ਪਾਸੋਂ ਇਹ ਬੇਨਤੀ ਪ੍ਰਾਪਤ ਹੋਈ ਹੈ ਕਿ ਕਾਫੀ ਸਕੂਲਾਂ ਵਿੱਚ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਵੱਲੋਂ ਸਾਇੰਸ, ਮੈਥ, ਸਮਾਜਿਕ ਸਿੱਖਿਆ ਅਤੇ ਅੰਗਰੇਜ਼ੀ ਵਿਸ਼ਿਆਂ ਦੇ ਅਧਿਆਪਕਾਂ ਨੂੰ ਇੰਚਾਰਜ ਬਣਾਇਆ ਗਿਆ ਹੈ ਜਿਸ ਕਰਕੇ ਬੱਚਿਆਂ ਦੀ ਪੜ੍ਹਾਈ ਦਾ ਪੱਧਰ ਦਿਨ-ਬ-ਦਿਨ ਹੇਠਾਂ ਜਾ ਰਿਹਾ ਹੈ। ਉਨ੍ਹਾਂ ਵੱਲੋਂ ਕਥਿਤ ਅਧਿਆਪਕਾਂ ਦੀ ਥਾਂ ਤੇ ਆਰਟ ਐਂਡ ਕਰਾਫਟ ਟੀਚਰ, ਪੀ.ਟੀ.ਆਈ ਅਤੇ ਡੀ.ਪੀ.ਈ. ਨੂੰ ਪਸਵਕ ਦੇ ਇੰਚਾਰਜ ਲਗਾਉਣ ਹਿੱਤ ਪੇਸ਼ਕਸ਼ ਕੀਤੀ ਹੈ।

2.0 ਆਪ ਸਭ ਚੰਗੀ ਤਰ੍ਹਾਂ ਜਾਣੂ ਹੋ ਕਿ ਪੇਂਡੂ ਸਿੱਖਿਆ ਵਿਕਾਸ ਕਮੇਟੀ ਵੱਲੋਂ ਸਕੂਲ ਅਤੇ ਸਕੂਲੀ ਬੱਚਿਆਂ ਦੇ ਵਿਕਾਸ ਲਈ ਹਰ ਸੰਭਵ ਕੰਮ ਕਰਨਾ ਹੁੰਦਾ ਹੈ ਅਤੇ ਸਿੱਖਿਆ ਦੀ ਗੁਣਵੱਤਾ ਨੂੰ ਚੁੱਕਣ ਲਈ ਭਰਪੂਰ ਕੋਸ਼ਿਸ਼ ਕਰਨੀ ਹੁੰਦੀ ਹੈ। ਉਨ੍ਹਾਂ ਵੱਲੋਂ ਹਰ ਤਰ੍ਹਾਂ ਦੇ ਕੰਮ ਜਿਵੇਂ ਕਿ ਸਕੂਲਾਂ ਦਾ ਸਾਲਾਨਾ ਪਲਾਨ ਤਿਆਰ ਕਰਨਾ, ਨੋਟਿਸ ਜਾਰੀ ਕਰਕੇ ਸਮੂਹ ਪਸਵਕ ਮੈਂਬਰਜ਼ ਨੂੰ ਮੀਟਿੰਗ ਲਈ ਬੁਲਾਉਣਾ, ਮੀਟਿੰਗ ਕਰਵਾਉਣੀ, ਵਿਦਿਅਕ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਯੋਗ ਫੈਸਲੇ ਲੈਣੇ/ ਰੈਜ਼ੋਲੂਸ਼ਨ ਪਾਸ ਕਰਨੇ, ਮੀਟਿੰਗ ਦੀ ਕਾਰਵਾਈ/ ਪਾਸ ਕੀਤੇ

ਰੈਜ਼ੋਲੂਸ਼ਨ ਨੂੰ ਸਕੂਲ ਰਜਿਸਟਰ ਵਿਚ ਦਰਜ ਕਰਨਾ ਅਤੇ ਸਿਵਲ ਵਰਕਸ ਵਰਗੇ ਵੱਡੇ ਕੰਮ ਨੂੰ ਕਰਵਾਉਣਾ ਅਤੇ ਸਾਰਾ ਲੇਖੇ-ਜੋਖੇ ਦਾ ਹਿਸਾਬ ਆਦਿ ਕਰਵਾਉਣੇ ਹੁੰਦੇ ਹਨ।

3.0 ਜਿੱਥੋਂ ਤੱਕ ਦਫ਼ਤਰੀ ਕੰਮ-ਕਾਜ, ਪਸਵਕ ਦੀਆਂ ਮੀਟਿੰਗਾਂ ਕਰਵਾਉਣ, ਪ੍ਰੋਸੀਡਿੰਗਜ਼ ਜਾਰੀ ਕਰਨ ਅਤੇ ਵਿੱਤੀ ਲੇਖੇ-ਜੋਖੇ ਮੇਨਟੇਨ ਕਰਨ ਆਦਿ ਦਾ ਸਵਾਲ ਹੈ ਇਨ੍ਹਾਂ ਲਈ ਸਕੂਲ ਮੁੱਖੀ ਆਪਣੀ ਸੂਝਬੂਝ ਅਨੁਸਾਰ ਕਿਸੇ ਵੀ ਯੋਗ ਅਧਿਆਪਕ ਦੀਆਂ ਸੇਵਾਵਾਂ ਲੈ ਸਕਦਾ ਹੈ।

ਪਰੰਤੂ ਸਿਵਲ ਵਰਕਸ/ ਸਕੂਲ ਉਸਾਰੀ ਵਰਗੇ ਲੰਮੇ ਕੰਮਾਂ ਲਈ ਆਪ ਸਭ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਸਕੂਲ ਮੁੱਖੀਆਂ ਤੱਕ ਯੋਗ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਅਜਿਹੇ ਕੰਮਾਂ ਲਈ ਸਕੂਲ ਦੇ ਕਿਸੇ ਵਾਧੂ ਅਧਿਆਪਕ ਜਾਂ ਪੀ.ਟੀ.ਆਈ, ਡੀ.ਪੀ.ਈ. ਜਾਂ ਆਰਟ ਐਂਡ ਕਰਾਫਟ ਅਧਿਆਪਕ ਦੀ ਡਿਊਟੀ ਲਗਾਈ ਜਾਵੇ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**